ਬਲਜਿੰਦਰ ਸਿੰਘ, ਗੁਰਸਿਮਰਨ ਕੌਰ

# *ਬਚਿੱਤ੍ਰ ਨਾਟਕ* ਦੀ ਇਤਿਹਾਸਕ ਮਹਤਤਾ

*'ਬਚਿੱਤ੍ਰ ਨਾਟਕ'* ਗੁਰੂ ਗੋਬਿੰਦ ਸਿੰਘ ਜੀ ਦੇ ਰਚਿਤ ***ਦਸਮ ਗ੍ਰੰਥ*** ਵਿਚ ਇਕ ਮਹਤਵਪੂਰਨ ਰਚਨਾ ਹੈ। *'ਬਚਿੱਤ੍ਰ ਨਾਟਕ'* ਵਿਚ ਖਾਲਸਾ ਸਾਜਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਬਹੁਤ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਡਾ. ਤਾਰਨ ਸਿੰਘ ਦੇ ਅਨੁਸਾਰ *'ਬਚਿੱਤ੍ਰ ਨਾਟਕ'* ਦੀ ਸਿਰਜਨਾ ਸੰਮਤ 1755 (1698 ਈ.) ਵਿਚ ਹੋਈ ਹੈ ਕਿਉਂਕਿ ਉਦੋਂ ਤਕ ਜੋ ਲੜਾਈਆਂ ਗੁਰੂ ਗੋਬਿੰਦ ਸਿੰਘ ਜੀ ਲੜ ਚੁੱਕੇ ਸਨ, ਉਹਨਾਂ ਦਾ ਵਰਨਣ ਇਸ ਰਚਨਾ ਵਿਚ ਹੈ ਅਤੇ ਮਗਰੋਂ ਦੇ ਗੁਰੂ ਜੀ ਦੇ ਜੀਵਨ ਹਾਲਾਤ ਤੇ ਇਤਿਹਾਸ ਦਾ ਸੰਕੇਤ ਨਹੀਂ।



*'ਬਚਿੱਤਰ ਨਾਟਕ'* ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸੰਬੰਧੀ, ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਹਾੜੀ-ਰਾਜਿਆਂ ਨਾਲ ਯੁਧਾਂ ਬਾਰੇ ਵਰਨਣ ਮਿਲਦਾ ਹੈ। *'ਬਚਿੱਤ੍ਰ ਨਾਟਕ'* ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਚਪਨ ਸੰਬੰਧੀ ਜ਼ਿਕਰ ਕਰਦਿਆਂ ਦਸਿਆ ਹੈ ਜਦੋਂ ਮੇਰੇ ਪਿਤਾ ਗੁਰੂ ਤੇਗ ਬਹਾਦਰ ਜੀ ਪੂਰਬੀ ਪਰਦੇਸ਼ਾਂ ਦੀ ਯਾਤਰਾ ਕਰ ਰਹੇ ਸਨ ਤਾਂ ਉਸ ਸਮੇਂ ਪਟਨਾ ਸ਼ਹਿਰ ਵਿਚ ਉਹਨਾਂ ਦਾ ਜਨਮ ਹੋਇਆ। ਬਚਪਨ ਦੇ ਕੁਝ ਸਾਲ ਉਥੇ ਗੁਜ਼ਾਰਨ ਤੋਂ ਬਾਅਦ ਉਹਨਾਂ ਨੂੰ ਪੰਜਾਬ ਵਿਚ ਲੈ ਆਏ। ਗੁਰੂ ਗੋਬਿੰਦ ਸਿੰਘ ਜੀ ਦੇ ਚਰਿੱਤਰ-ਨਿਰਮਾਣ ਬਾਰੇ ਉਹਨਾਂ ਦੇ ਜੀਵਨ ਕਾਲ ਦੇ ਇਹਨਾਂ ਆਰੰਭਕ ਵ੍ਹਰਿਆਂ ਬਾਰੇ *'ਬਚਿੱਤ੍ਰ ਨਾਟਕ'* ਤੋਂ ਸਾਨੂੰ ਕੋਈ ਨਿਸ਼ਚਿਤ ਇਤਿਹਾਸਕ ਵੇਰਵਾ ਨਹੀਂ ਮਿਲਦਾ ਅਤੇ ਇਸ ਲਈ ਮੁਖ ਰੂਪ ਵਿਚ ਪ੍ਰਚਲਿਤ ਕਥਾਵਾਂ ਦਾ ਹੀ ਆਸਰਾ ਲੈਣਾ ਪੈਂਦਾ ਹੈ, ਜਿਵੇਂ ਕਿ ਭੀਖਣ ਸ਼ਾਹ ਵਲੋਂ ਗੁਰੂ ਸਾਹਿਬ ਦੇ ਜਨਮ ਸਮੇਂ, ਇਕ ਮਹਾਨ ਪੈਗੰਬਰ ਹੋਣ ਦੀ ਭਵਿਖ ਬਾਣੀ ਕਰਨਾ, ਬਚਪਨ ਵਿਚ ਅਜਿਹੀਆਂ ਖੇਡਾਂ ਖੇਡਣੀਆਂ ਜਿਨ੍ਹਾਂ ਨਾਲ ਮਹਾਨ ਨੇਤਾ ਬਣਨ ਦੇ ਚਿੰਨ੍ਹ ਦਿਖਾਈ ਦਿੰਦੇ ਸਨ। ਗੁਰੂ ਸਾਹਿਬ ਨੂੰ ਫਾਰਸੀ, ਸੰਸਕ੍ਰਿਤ ਅਤੇ ਗੁਰਮੁਖੀ ਦੀ ਜਾਣਕਾਰੀ ਦਿੱਤੀ ਗਈ। ਉਹਨਾਂ ਨੂੰ ਘੋੜ-ਸਵਾਰੀ ਅਤੇ ਸ਼ਸਤਰ ਚਲਾਉਣ ਦੀ ਵੀ ਵਿੱਦਿਆ ਦਿੱਤੀ ਗਈ। ਗੁਰੂ ਗੋਬਿੰਦ ਸਿੰਘ ਜੀ *'ਬਚਿੱਤ੍ਰ ਨਾਟਕ'* ਵਿਚ ਲਿਖਦੇ ਹਨ ਕਿ ਉਹਨਾਂ ਨੇ ਅਜੇ "ਅਜਿਹੇ ਧਰਮ ਕਾਰਜਾਂ ਦਾ ਆਰੰਭ ਕੀਤਾ ਹੀ ਸੀ ਕਿ ਉਹਨਾਂ ਦੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹੀਦੀ ਪਾ ਗਏ।" ਗੁਰੂ ਤੇਗ ਬਹਾਦਰ ਜੀ 11 ਨਵੰਬਰ, 1675 ਈ. ਨੂੰ ਤਿੰਨ ਸਾਥੀਆਂ ਸਮੇਤ ਔਰੰਗਜ਼ੇਬ ਦੇ ਹੁਕਮ ਅਨੁਸਾਰ ਸ਼ਹੀਦ ਹੋਏ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸਿਖ ਧਰਮ ਦੀ ਅਗਵਾਈ ਦਾ ਭਾਰ ਗੁਰੂ ਗੋਬਿੰਦ ਸਿੰਘ ਦੇ ਜ਼ਿੰਮੇ ਆ ਗਿਆ। ਗੁਰੂ ਗੋਬਿੰਦ ਸਿੰਘ ਜੀ *'ਬਚਿੱਤ੍ਰ ਨਾਟਕ'* ਵਿਚ ਲਿਖਦੇ ਹਨ ਕਿ ਅਕਾਲ ਪੁਰਖ ਨੇ ਉਹਨਾਂ ਨੂੰ ਦੁਸ਼ਟਾਂ ਨੂੰ ਦੰਡ ਦੇਣ ਲਈ ਅਤੇ ਧਰਮ ਦੀ ਰਖਿਆ ਕਰਨ ਲਈ ਜਗਤ ਵਿਚ ਭੇਜਿਆ ਹੈ।

### ਗੁਰੂ ਤੇਗ ਬਹਾਦਰ ਦੀ ਸ਼ਹਾਦਤ ਸੰਬੰਧੀ ਜਾਣਕਾਰੀ-

ਔਰੰਗਜ਼ੇਬ ਦੇ ਸਮੇਂ ਹਿੰਦੂ ਧਰਮ ਤੇ ਅਨੇਕਾਂ ਤਰਾਂ ਦੇ ਜ਼ੁਲਮ ਹੋਣ ਲਗ ਪਏ। ਮੰਦਰ ਗਿਰਾ ਕੇ ਮਸੀਤਾਂ ਬਣਾਉਣੀਆਂ, ਜਜ਼ੀਆ ਆਦਿ ਕਰ ਲਾਉਣੇ, ਤਲਵਾਰ ਦੇ ਜ਼ੋਰ ਤੇ ਸ਼ਰਾ ਦਾ ਪ੍ਰਚਾਰ ਕਰਨਾ ਆਦਿ ਸ਼ੁਰੂ ਹੋ ਗਿਆ ਸੀ। ਅਜਿਹੇ ਜ਼ੁਲਮ ਕਾਰਣ ਪੰਜਾਬ ਅਤੇ ਕਸ਼ਮੀਰ ਵਿਚ ਬਹੁਤ ਹਾਹਾਕਾਰ ਮਚ ਗਈ। ਕਸ਼ਮੀਰ ਦੇ ਗਵਰਨਰ ਇਫਤਖ਼ਾਰ ਖਾਂ ਨੇ ਕਸ਼ਮੀਰ ਦੇ ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ। ਇਸ ਗੱਲ ਤੋਂ ਦੁਖੀ ਹੋਏ ਪੰਡਿਤ ਮਈ, 1675 ਨੂੰ ਕਿਰਪਾ ਰਾਮ ਦੇ ਨੇਤਰਤਵ ਅਧੀਨ ਸਹਿਮੇ ਹੋਏ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਫ਼ਰਿਆਦ ਲਈ ਪਹੁੰਚੇ। ਗੁਰੂ ਸਾਹਿਬ ਨੇ ਉਹਨਾਂ ਦੀ ਫ਼ਰਿਆਦ ਸੁਣ ਕੇ ਕਿਹਾ ਕਿ ਤੁਸੀਂ ਬਾਦਸ਼ਾਹ ਨੂੰ ਇਹ ਸੁਨੇਹਾ ਭਿਜਵਾ ਦਿਓ ਕਿ ਗੁਰੂ ਤੇਗ ਬਹਾਦਰ ਇਸਲਾਮ ਧਰਮ ਨੂੰ ਕਬੂਲ ਲੈਣ ਤਾਂ ਅਸੀਂ ਇਸਲਾਮ ਨੂੰ ਕਬੂਲ ਕਰ ਲਵਾਂਗੇ। ਗੁਰੂ ਜੀ ਦਾ ਇਹ ਹੁਕਮ ਪੰਡਿਤਾਂ ਨੇ ਸਰਕਾਰ ਤਕ ਪਹੁੰਚਾ ਦਿੱਤਾ ਅਤੇ ਗੁਰੂ ਤੇਗ ਬਹਾਦਰ ਜੀ ਨੂੰ ਮੁਗਲ ਸਰਕਾਰ ਨੇ ਤਸੀਹੇ ਦੇ ਕੇ ਕਤਲ ਕਰ ਦਿੱਤਾ। ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਖਿਆ ਲਈ ਆਪਣਾ ਬਲੀਦਾਨ ਦਿੱਤਾ। ਜਿਵੇਂ ਕਿ ਗੁਰ

ਗੋਬਿੰਦ ਸਿੰਘ ਜੀ ਨੇ ***'ਬਚਿੱਤ੍ਰ ਨਾਟਕ'*** ਵਿਚ ਇਸ ਘਟਨਾ ਦੀ ਗਵਾਹੀ ਦਿੱਤੀ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਤਿਲਕ ਅਤੇ ਜੰਞੂ ਦੀ ਰੱਖਿਆ ਲਈ ਕੁਰਬਾਨੀ ਦਿੱਤੀ। ਉਹਨਾਂ ਨੇ ਦੁਸ਼ਟਾਂ ਦੀ ਜੜ ਉਖਾੜਨ ਲਈ ਅਤੇ ਧਰਮ ਦੀ ਰਖਿਆ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਅੱਗੇ ਦੋ ਗੱਲਾਂ ਮੌਤ ਜਾਂ ਕਰਾਮਾਤ ਰਖੀਆਂ ਗਈਆਂ। ਪਰ ਗੁਰੂ ਸਾਹਿਬ ਨੇ ਕਰਾਮਾਤ ਦਿਖਾਉਣ ਤੋਂ ਨਾਂਹ ਕਰ ਦਿੱਤੀ ਅਤੇ ਮੌਤ ਨੂੰ ਕਬੂਲਿਆ।

***ਧਰਮ ਹੇਤ ਸਾਕਾ ਜਿਨਿ ਕੀਆ। ਸੀਸੁ ਦੀਆ ਪਰ ਸਿਰਰੁ ਨ ਦੀਆ।***
***ਨਾਟਕ ਚੇਟਕ ਕੀਏ ਕੁਕਾਜਾ। ਪ੍ਰਭ ਲੋਗਨ ਕਹ ਆਵਤ ਲਾਜਾ।***

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਾਰੇ ਹਿੰਦੁਸਤਾਨ ਦੀ ਪਰਜਾ ਵਿਚ ਜਾਗਰਤੀ ਲੈ ਆਈ। ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ਕਿ ਗੁਰੂ ਸਾਹਿਬ ਆਪਣੀ ਸ਼ਹਾਦਤ ਦੀ ਜ਼ਿੰਮੇਵਾਰੀ ਔਰੰਗਜ਼ੇਬ ਦੇ ਜ਼ਿੰਮੇ ਲਾ ਕੇ ਸਦਾ ਲਈ ਇਸ ਜਗਤ ਤੋਂ ਚਲੇ ਗਏ।

ਇਤਿਹਾਸ ਅਤੇ ਪਰੰਪਰਾਗਤ ਤੌਰ 'ਤੇ ਪ੍ਰਚਲਿਤ ਇਸ ਵੇਰਵੇ ਵਲ ਕਿ ਗੁਰੂ ਗੋਬਿੰਦ ਸਿੰਘ ਨੇ ਆਪ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਜਾ ਕੇ ਕੁਰਬਾਨੀ ਦੇਣ ਦੀ ਸਲਾਹ ਦਿੱਤੀ, ਗੁਰੂ ਗੋਬਿੰਦ ਸਿੰਘ ਜੀ ਨੇ ***'ਬਚਿੱਤ੍ਰ ਨਾਟਕ'*** ਵਿਚ ਕੋਈ ਸੰਕੇਤ ਨਹੀਂ ਦਿੱਤਾ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਸਿਖਾਂ ਦੇ ਦਸਵੇਂ ਗੁਰੂ ਹੋਏ। ਉਹਨਾਂ ਨੇ ***'ਬਚਿੱਤ੍ਰ ਨਾਟਕ'*** ਵਿਚ ਆਪਣੇ ਤੋਂ ਪਹਿਲਾਂ ਨੌਂ ਸਿੱਖ ਗੁਰੂ ਸਾਹਿਬਾਨ ਦਾ ਵਰਨਣ ਕੀਤਾ। ਪੰਜਵੇਂ ਅਧਿਆਇ ਵਿਚ ਨੌਂ ਗੁਰੂਆਂ ਦੇ ਨਾਂਵਾਂ ਦਾ ਵਰਨਣ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਵੀ ਗੁਰੂ ਦੀ ਜੀਵਨ ਘਟਨਾ ਦਾ ਵਰਨਣ ਨਹੀਂ ਕੀਤਾ। ਪਰ ਨਾਂਵਾਂ ਦਾ ਉਲੇਖ ਕਰਦੇ ਹੋਏ ਗੁਰੂ ਸਾਹਿਬ ਨੇ ***'ਏਕਾ ਜੋਤ ਏਕ ਗੁਰ'*** ਦਾ ਵਿਚਾਰ ਦ੍ਰਿੜਾਇਆ ਜਿਸ ਤੋਂ ਇਹ ਸਪਸ਼ੱਟ ਹੁੰਦਾ ਹੈ ਕਿ ਦਸ ਗੁਰੂ ਸਾਹਿਬਾਨ ਕੋਈ ਵੀ ਵੱਖ ਨਹੀਂ ਬਲਕਿ ਇਕ ਹੀ ਜੋਤ ਦਸਾਂ ਗੁਰੂਆਂ ਵਿਚ ਪਰਗਟ ਹੋਈ।

***'ਬਚਿੱਤ੍ਰ ਨਾਟਕ'*** ਤੋਂ ਸਾਨੂੰ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੂੰ ਸਮੇਂ ਦੀ ਨਜ਼ਾਕਤ ਨੇ ਤਲਵਾਰ ਉਠਾਉਣ ਲਈ ਮਜ਼ਬੂਰ ਕਰ ਦਿੱਤਾ। ਉਹਨਾਂ ਨੇ ਜ਼ੁਲਮ ਵਿਰੁੱਧ ਸਿਖਾਂ ਨੂੰ ਸੰਗਠਿਤ ਕਰਨ ਦੇ ਨਾਲ ਨਾਲ ਸੈਨਿਕ ਕਾਰਵਾਈਆਂ ਆਰੰਭ ਕਰ ਦਿੱਤੀਆਂ। ਕੁਝ ਸਮੇਂ ਬਾਅਦ ਗੁਰੂ ਸਾਹਿਬ ਅਨੰਦਪੁਰ ਸਾਹਿਬ ਨੂੰ ਛੱਡ ਕੇ ਨਾਹਨ ਵਲ ਚਲੇ ਗਏ। ਅਨੰਦਪੁਰ ਸਾਹਿਬ ਤੋਂ ਨਾਹਨ ਵਲ ਗੁਰੂ ਸਾਹਿਬ ਇਸ ਲਈ ਗਏ ਕਿ ਉਸ ਸਮੇਂ ਰਾਜਾ ਭੀਮ ਚੰਦ ਗੁਰੂ ਸਾਹਿਬ ਨਾਲ ਲੜਾਈ ਕਰਨਾ ਚਾਹੁੰਦਾ ਸੀ ਅਤੇ ਅਜਿਹੇ ਯੁਧ ਵਿਚ ਗੁਰੂ ਸਾਹਿਬ ਆਪਣੀ ਸੈਨਾ ਨੂੰ ਕਮਜ਼ੋਰ ਨਹੀਂ ਕਰਨਾ ਚਾਹੁੰਦੇ ਸਨ। ਡਾ. ਗਰੇਵਾਲ ਅਤੇ ਡਾ. ਬਲ ਦੇ ਵਿਚਾਰ ਅਨੁਸਾਰ ਅਸਲ ਵਿਚ ਗੁਰੂ ਸਾਹਿਬ ਨੂੰ ਰਾਜਾ ਮੇਦਨੀ ਪ੍ਰਕਾਸ਼ ਨੇ ਆਉਣ ਦਾ ਸਦਾ ਦਿੱਤਾ ਸੀ ਕਿਉਂਕਿ ਮੇਦਨੀ ਪ੍ਰਕਾਸ਼ ਦੀ ਰਾਜਾ ਫਤੇਸ਼ਾਹ ਨਾਲ ਨਹੀਂ ਬਣਦੀ ਸੀ।

ਭੀਮ ਚੰਦ ਗੁਰੂ ਸਾਹਿਬ ਨਾਲ ਇਸ ਲਈ ਈਰਖਾ ਕਰਦਾ ਸੀ ਕਿਉਂ ਕਿ ਗੁਰੂ ਸਾਹਿਬ ਮੂਰਤੀ ਪੂਜਾ ਦਾ ਖੰਡਨ ਕਰਦੇ ਸਨ ਜਦੋਂ ਕਿ ਪਹਾੜੀ ਰਾਜੇ ਮੂਰਤੀ ਪੂਜਕ ਸਨ। ਦੂਜਾ ਕਾਰਣ ਗੁਰੂ ਸਾਹਿਬ ਦਾ ਰਣਜੀਤ ਨਗਾਰਾ ਬਣਾਉਣਾ ਸੀ ਜੋ ਕਿ ਗੁਰੂ ਸਾਹਿਬ ਦੀ ਪ੍ਰਭੁਸਤਾ ਦਾ ਚਿੰਨ ਪ੍ਰਗਟ ਕਰਦਾ ਸੀ, ਤੀਜਾ ਕਾਰਣ ਗੁਰੂ ਸਾਹਿਬ ਦਾ ਫੌਜ ਰਖਣਾ ਸੀ। ਆਖਰੀ ਕਾਰਣ ਇਹ ਸੀ ਕਿ ਗੁਰੂ ਸਾਹਿਬ ਕੋਲ ਬਹੁਮੁਲੀਆਂ ਵਸਤਾਂ ਖਾਸ ਕਰਕੇ ਸ਼ਾਨਦਾਰ ਟੈਂਟ ਅਤੇ ਸੁੰਦਰ ਹਾਥੀ ਸੀ ਜਿਨ੍ਹਾਂ ਨੂੰ ਰਾਜਾ ਭੀਮ ਚੰਦ ਨੇ ਆਪਣੇ ਪੁੱਤਰ ਦੀ ਕੁੜਮਾਈ ਜੋ ਕਿ ਰਾਜਾ ਫਤੇਸ਼ਾਹ ਦੀ ਲੜਕੀ ਨਾਲ ਹੋਣੀ ਨਿਸ਼ਚਿਤ ਹੋਈ ਸੀ, ਲਈ ਮੰਗਿਆ ; ਗੁਰੂ ਸਾਹਿਬ ਨੇ ਇਹਨਾਂ ਵਸਤਾਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ।

ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਨੇ ਗੁਰੂ ਸਾਹਿਬ ਲਈ ਇਕ ਸੁੰਦਰ ਇਕਾਂਤ ਸਥਾਨ ਦਿੱਤਾ ਅਤੇ ਗੁਰੂ ਸਾਹਿਬ ਨੇ ਉਥੇ ਰਹਿਣ ਦਾ ਫੈਸਲਾ ਕਰ ਲਿਆ ਅਤੇ ਮੇਦਨੀ ਪ੍ਰਕਾਸ਼ ਦੀ ਸਹਾਇਤਾ ਨਾਲ ਇਕ ਕਿਲੇ ਦੀ ਉਸਾਰੀ ਕੀਤੀ ਜਿਸ ਦਾ ਨਾਂ ਪਾਉਂਟਾ ਸਾਹਿਬ ਰੱਖਿਆ। ***'ਬਚਿੱਤ੍ਰ ਨਾਟਕ'*** ਵਿਚ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ਕਿ ਫਤੇਸ਼ਾਹ ਕਰੋਧ ਵਿਚ ਆ ਗਿਆ ਅਤੇ ਬਿਨਾਂ ਕਿਸੇ ਕਾਰਨ ਮੇਰੇ ਨਾਲ ਲੜਾਈ ਛੇੜ ਦਿੱਤੀ। ਇਸ ਗੱਲ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਇਹ ਯੁਧ ਕਰਨਾ ਨਹੀਂ ਚਾਹੁੰਦੇ ਸਨ ਪਰ ਪਹਾੜੀ ਰਾਜਿਆਂ ਨੇ ਜਾਣ-ਬੁਝ ਕੇ ਇਹ ਲੜਾਈ ਮੁਲ ਲਈ। ਇੰਦੂ ਭੂਸ਼ਨ ਬੈਨਰਜੀ ਨੇ ਇਸ ਯੁਧ ਦਾ ਕਾਰਣ ਦੱਸਦੇ ਹੋਏ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਕ ਐਸੇ ਮਤ ਦੀ ਪ੍ਰਤੀਨਿਧਤਾ ਕਰਦੇ ਸਨ ਜੋ ਕਿ ਉਦਾਰ ਵਿਚਾਰਾਂ ਦਾ ਪ੍ਰਚਾਰਕ ਸੀ ਜਿਸ ਦੇ ਵਿਚ ਜਟ ਕਿਰਸਾਨ ਆਉਂਦੇ ਸੀ ਜਿਨ੍ਹਾਂ ਨੂੰ ਰਾਜਪੂਤ ਛੋਟੀ ਜਾਤੀ ਦੇ ਸਮਝਦੇ ਸਨ। ਰਾਜਨੀਤਕ ਸੁਵਿਧਾਵਾਂ, ਸਮਾਜਿਕ ਉਚਤਾ ਅਤੇ ਜਾਤੀ ਅਭਿਮਾਨ ਆਦਿ ਗਲਾਂ ਨੇ ਮਿਲ ਕੇ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਦੇ ਵਿਰੁੱਧ ਸਾਂਝਾ ਮੋਰਚਾ ਬਣਾਉਣ ਲਈ ਪ੍ਰੇਰਿਤ ਕੀਤਾ। ਇਹ ਯੁਧ 1688 ਈ. ਵਿਚ ਜਮਨਾ ਅਤੇ ਉਸਦੀ ਸ਼ਾਖਾ ਗਿਰੀ ਵਿਚ ਭੰਗਾਣੀ ਨਾਮਕ ਸਥਾਨ ਤੇ ਹੋਇਆ ਜੋ ਕਿ ਪਾਉਂਟਾ ਸਾਹਿਬ ਤੋਂ ਲਗਭਗ 10 ਕਿਲੋਮੀਟਰ ਦੂਰ ਹੈ। ਇਸ ਵਿਚ ਗੁਰੂ ਸਾਹਿਬ ਜੀ ਦੀ ਜਿੱਤ ਹੋਈ। ਇਸ ਤੋਂ ਪਿਛੋਂ ਨਾਦੌਣ ਦਾ ਯੁਧ ਹੋਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਯੁਧ ਦਾ ਵਰਨਣ ***'ਬਚਿੱਤ੍ਰ ਨਾਟਕ'*** ਦੇ ਨੌਵੇਂ ਅਧਿਆਇ ਵਿਚ ਬਹੁਤ ਸੁੰਦਰ ਢੰਗ ਨਾਲ ਕੀਤਾ ਹੈ। ਆਪਣੇ ਸਾਥੀ ਰਾਜਿਆਂ ਅਤੇ ਵਿਰੋਧੀ ਸੈਨਾ ਦੇ ਹੌਂਸਲੇ ਨਿਰਭੈਤਾ ਅਤੇ ਸੂਰਬੀਰਤਾ ਦਾ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਰਾਜਾ ਕਿਰਪਾਲ ਚੰਦ ਚਾਰੋਂ ਪਾਸੇ ਤਬਾਹੀ ਮਚਾ ਰਿਹਾ ਸੀ। ਇਸ ਯੁਧ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸਤ ਤੀਰ ਚਲਾਏ ਤਾਂ ਮੁਗਲ ਸੈਨਾ ਰਾਤੋ-ਰਾਤ ਲੜਾਈ ਛਡ ਕੇ ਭਜ ਗਈ। ਅਲਫ਼ ਖ਼ਾਂ ਨੇ ਭਜਣ ਤੋਂ ਬਾਅਦ ਗੁਰੂ ਸਾਹਿਬ ਅਠ ਦਿਨ ਨਦੀ ਦੇ ਕੰਢੇ ਭੀਮ ਚੰਦ ਕੋਲ ਠਹਿਰੇ ਅਤੇ ਰਾਜ ਦੇ ਸਾਰੇ ਮੰਦਰਾਂ ਨੂੰ ਦੇਖਿਆ।

### ਦਿਲਾਵਰ ਖ਼ਾਂ ਦੇ ਸ਼ਹਿਜ਼ਾਦੇ ਦਾ ਅਨੰਦਪੁਰ ਵਲ ਆਉਣਾ

ਅਲਫ਼ ਖ਼ਾਂ ਦੀ ਹਾਰ ਤੋਂ ਚਿੜ ਕੇ ਦਿਲਾਵਰ ਖ਼ਾਂ ਨੇ ਆਪਣੇ ਲੜਕੇ ਰੁਸਤਮ ਖ਼ਾਂ ਦੀ ਅਗਵਾਈ ਹੇਠ 1691 ਈ. ਵਿਚ ਗੁਰੂ ਸਾਹਿਬ ਤੇ ਹਮਲਾ ਕਰਨ ਲਈ ਸੈਨਾ ਭੇਜੀ। ਇਸ ਜੰਗ ਵਿਚ ਗੁਰੂ ਸਾਹਿਬ ਨੂੰ ਰੁਸਤਮ ਖ਼ਾਂ ਦਾ ਵਿਰੋਧ ਕਰਨਾ ਪਿਆ। ਕੋਈ ਵੀ ਪਹਾੜੀ ਰਾਜਾ ਸਮਰਾਟ ਦੇ ਡਰ ਕਾਰਣ ਗੁਰੂ ਜੀ ਦੀ ਸਹਾਇਤਾ ਲਈ ਨਹੀਂ ਆਇਆ। ***'ਬਚਿੱਤ੍ਰ ਨਾਟਕ'*** ਅਨੁਸਾਰ ਇਹ ਹਮਲਾ ਅਧੀ ਰਾਤ ਵੇਲੇ ਹੋਇਆ।

ਹਰੀ ਰਾਮ ਗੁਪਤਾ ਅਨੁਸਾਰ ਰੁਸਤਮ ਖਾਂ ਨੇ ਅਨੰਦਪੁਰ ਵਿਚ ਅਚਾਨਕ ਆਉਣ ਲਈ ਸੁਕਾ ਨਾਲਾ ਪਾਰ ਕਰਨਾ ਚਾਹਿਆ ਪਰ ਉਸ ਰਾਤ ਬਹੁਤ ਬਾਰਸ਼ ਹੋਣ ਕਰਕੇ ਨਾਲੇ ਵਿਚ ਹੜ ਆ ਗਿਆ ਅਤੇ ਸੈਨਾ ਦਾ ਸਮਾਨ ਰੁੜ ਗਿਆ। ਇਸ ਲਈ ਗੁਰੂ ਸਾਹਿਬ ਨੇ ਇਸ ਨੂੰ 'ਸਹਾਇਕ ਨਾਲਾ' ਕਿਹਾ ਹੈ।

ਅਨੰਦਪੁਰ ਦੇ ਸਾਹਮਣੇ ਸਤਿਲੁਜ ਦਰਿਆ ਦੇ ਦੂਜੇ ਪਾਸੇ ਰੁਸਤਮ ਖਾਂ ਨੇ ਆਪਣੀ ਸੈਨਾ ਸਮੇਤ ਡੇਰਾ ਲਗਾ ਪਿਆ। ਰਾਤ ਨੂੰ ਗੁਰੂ ਸਾਹਿਬ ਦੇ ਪਹਿਰੇਦਾਰ ਆਲਮ ਸਿੰਘ ਨੇ ਇਸ ਹਮਲੇ ਬਾਰੇ ਖ਼ਬਰ ਦਿੱਤੀ। ਖ਼ਬਰ ਫੈਲਣ ਸਾਰ ਸਾਰੇ ਸਿੰਘ ਬੀਰ ਰਸ ਵਿਚ ਭਰੇ ਸ਼ਸਤਰ ਲੈ ਕੇ ਵੈਰੀ ਨਾਲ ਯੁਧ ਕਰਨ ਲਈ ਭਜ ਪਏ। ਸਿਖ ਸੈਨਾ ਦੇ ਜੋਸ਼ ਅਤੇ ਰਾਤ ਦੀ ਠੰਡ ਨੇ ਮੁਗਲ ਸੈਨਾ ਦਾ ਹੌਂਸਲਾ ਤੋੜ ਦਿੱਤਾ ਅਤੇ ਉਹ ਬਿਨਾਂ ਲੜੇ ਯੁਧ ਵਿਚੋਂ ਭਜ ਗਏ। ਭਜੀ ਹੋਈ ਮੁਗਲ ਸੈਨਾ ਨੇ ਰਸਤੇ ਵਿਚ ਬਰਵਾ ਪਿੰਡ ਨੂੰ ਲੁੱਟਿਆ। ਇਸ ਤਰਾਂ ਇਸ ਯੁਧ ਵਿਚ ਗੁਰੂ ਸਾਹਿਬ ਦੀ ਜਿੱਤ ਹੋਈ।

### ਹੁਸੈਨੀ ਯੁਧ

ਰੁਸਤਮ ਖ਼ਾਂ ਦੀ ਹਾਰ ਤੋਂ ਬਾਅਦ ਦਿਲਾਵਰ ਖ਼ਾਂ ਨੇ ਆਪਣੇ ਸਭ ਤੋਂ ਯੋਗ ਸੈਨਾਪਤੀ ਹੁਸੈਨ ਖ਼ਾਂ ਨੂੰ ਫੌਜ ਸਮੇਤ ਅਨੰਦਪੁਰ ਉਤੇ ਹਮਲਾ ਕਰਨ ਲਈ ਭੇਜਿਆ। ਉਸ ਨੂੰ ਇਹ ਵੀ ਹੁਕਮ ਦਿੱਤਾ ਗਿਆ ਕਿ ਰਸਤੇ ਵਿਚ ਉਹ ਪਹਾੜੀ ਰਾਜਿਆਂ ਤੋਂ ਕਰ ਵਸੂਲ ਕਰੇ। ਬਿਲਾਸਪੁਰ ਦਾ ਰਾਜਾ ਭੀਮ ਚੰਦ ਅਤੇ ਕਾਂਗੜੇ ਦਾ ਰਾਜਾ ਕਿਰਪਾਲ ਚੰਦ ਹੁਸੈਨ ਖ਼ਾਂ ਨਾਲ ਮਿਲ ਗਏ। ਗੁਲੇਰ ਦਾ ਰਾਜਾ ਗੋਪਾਲ ਅਤੇ ਜਸਵਾਲ ਦੇ ਰਾਜੇ ਨੇ ਹੁਸੈਨ ਖ਼ਾਂ ਨੂੰ ਕਰ ਦੇਣ ਤੋਂ ਕੰਨੀ ਕਤਰਾਈ ਅਤੇ ਹੁਸੈਨ ਖ਼ਾਂ ਨੇ ਇਹਨਾਂ ਨਾਲ ਯੁਧ ਕਰਨ ਦਾ ਫੈਸਲਾ ਕੀਤਾ। ਗੁਲੇਰ ਦੇ ਰਾਜਾ ਗੋਪਾਲ ਨੇ ਗੁਰੂ ਸਾਹਿਬ ਤੋਂ ਸਹਾਇਤਾ ਦੀ ਮੰਗ ਕੀਤੀ ਅਤੇ ਗੁਰੂ ਸਾਹਿਬ ਨੇ ਸੰਗਤੀਆਂ ਰਾਏ ਅਤੇ ਹੋਰ ਸਿਖਾਂ ਨੂੰ ਭੇਜ ਕੇ ਗੋਪਾਲ ਚੰਦ ਦੀ ਯੁਧ ਵਿਚ ਮਦਦ ਕੀਤੀ। ਇਸ ਯੁਧ ਵਿਚ ਜਸਵਾਲ ਦਾ ਰਾਜਾ ਰਾਮ ਸਿੰਘ ਵੀ ਇਨਾਂ ਦਾ ਸਹਾਇਕ ਸੀ। ਦੂਜੇ ਪਾਸੇ ਹੁਸੈਨੀ ਖਾਂ ਆਪਣੇ ਸਾਥੀ ਰਾਜਾ ਭੀਮ ਚੰਦ, ਕਿਰਪਾਲ ਚੰਦ ਕਟੋਚੀਆਂ ਦੇ ਨਾਲ ਹੋਣ ਕਰਕੇ ਹੰਕਾਰ ਵਿਚ ਆ ਗਿਆ ਅਤੇ ਉਸ ਨੇ ਗੋਪਾਲ ਦੀ ਸੈਨਾ ਨੂੰ ਘੇਰ ਲਿਆ ਅਤੇ ਦੋ ਦਿਨ ਉਸਦੀ ਸੈਨਾ ਭੁਖੀ ਰਹੀ। ਗੋਪਾਲ ਦੀ ਭੁਖ ਮਰੀ ਫੌਂਜ ਨੇ ਸੁਲਾਹ ਕਰਨ ਲਈ ਹੁਸੈਨੀ ਖ਼ਾਂ ਕੋਲ ਦੂਤ ਭੇਜਿਆ ਪਰ ਹੁਸੈਨੀ ਨੇ ਉਹਨਾਂ ਦੀ ਕੋਈ ਗੱਲ ਨਹੀਂ ਮੰਨੀ। ਰਾਜਾ ਕਿਰਪਾਲ ਚੰਦ ਅਤੇ ਭੀਮ ਚੰਦ ਨੇ ਮਿਲ ਕੇ ਰਾਜਾ ਗੋਪਾਲ ਨੂੰ ਜਦੋਂ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਹ ਪਹਿਲਾਂ ਹੀ ਆਪਣੀ ਫ਼ੌਜ ਵਿਚ ਜਾ ਚੁਕਾ ਸੀ। ਇਸ ਲੜਾਈ ਵਿਚ ਹੁਸੈਨ ਖ਼ਾਂ ਬੜੀ ਸੂਰਬੀਰਤਾ ਨਾਲ ਲੜਿਆ। ਕਿਰਪਾਲ ਚੰਦ ਅਤੇ ਰਾਜਾ ਗੋਪਾਲ ਦੇ ਆਪਸ ਵਿਚ ਯੁਧ ਦਾ ਵਰਨਣ ਵੀ ਗੁਰੂ ਸਾਹਿਬ ਨੇ ***'ਬਚਿੱਤ੍ਰ ਨਾਟਕ'*** ਵਿਚ ਕੀਤਾ ਹੈ। ਕ੍ਰਿਪਾਲ ਚੰਦ ਇਸ ਯੁਧ ਵਿਚ ਮਾਰਿਆ ਗਿਆ ਅਤੇ ਹੁਸੈਨੀ ਖਾਂ ਵੀ ਇਸ ਯੁਧ ਵਿਚ ਲੜਦਾ ਹੋਇਆ ਮਾਰਿਆ ਗਿਆ। ਇਸ ਯੁਧ ਵਿਚ ਹਿਸਾ ਲੈਣ ਵਾਲੇ ਸਾਰੇ ਸਿਖ ਵੀ ਸ਼ਹੀਦ ਹੋ ਗਏ।

ਹੁਸੈਨ ਖ਼ਾਂ ਦੀ ਮੌਤ ਤੋਂ ਬਾਅਦ ਉਸ ਦੀ ਸੈਨਾ ਵਿਚ ਰੋਸ ਪੈਦਾ ਹੋ ਗਿਆ ਪਰ ਦੂਜੇ ਪਾਸੇ ਇਸ ਦੇ ਉਲਟ ਕਟੋਚੀ ਉਤਸ਼ਾਹਿਤ ਹੋ ਗਏ। ਹੁਸੈਨ ਖ਼ਾਂ ਅਤੇ ਕਿਰਪਾਲ ਚੰਦ ਦੀ ਮੌਤ ਤੋਂ ਬਾਅਦ ਬਾਕੀ ਦੀ ਸੈਨਾ ਭਜ ਗਈ। ਇਸ ਯੁਧ ਦੇ ਵਰਨਣ ਦੇ ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ਕਿ ਹੁਸੈਨ ਖ਼ਾਂ ਸਾਡੇ ਨਾਲ ਹੀ ਯੁਧ ਕਰਨ ਆਇਆ ਸੀ ਪਰ ਰਸਤੇ ਵਿਚ ਹੀ ਮਾਰਿਆ ਗਿਆ। ਇਸ ਤਰਾਂ ਅਕਾਲ ਪੁਰਖ ਨੇ ਸਾਡੀ ਮਦਦ ਕੀਤੀ।

### ਜੁਝਾਰ ਸਿੰਘ ਯੁਧ

ਹੁਸੈਨ ਖ਼ਾਂ ਦੀ ਮੌਤ ਤੋਂ ਬਾਅਦ ਦਿਲਾਵਰ ਖ਼ਾਂ ਨੇ ਜੁਝਾਰ ਸਿੰਘ ਨੂੰ ਸੈਨਾ ਦੀ ਕਮਾਂਡ ਦੇ ਕੇ ਕਰ ਵਸੂਲਣ ਲਈ ਅਤੇ ਗੁਰੂ ਸਾਹਿਬ ਦੀ ਸ਼ਕਤੀ ਨੂੰ ਨਸ਼ਟ ਕਰਨ ਲਈ ਭੇਜਿਆ। ਪਰ ਉਸ ਨੇ ਰਸਤੇ ਵਿਚ ਆਉਣ ਵਾਲੇ ਪਿੰਡਾਂ ਨੂੰ ਲੁਟਣਾ ਸ਼ੁਰੂ ਕਰ ਦਿੱਤਾ। ਰਾਜ ਸਿੰਘ ਜਸਵਾਲ ਨੂੰ ਜਦੋਂ ਇਹ ਖਬਰ ਮਿਲੀ ਤਾਂ ਉਸ ਨੇ ਜੁਝਾਰ ਸਿੰਘ ਉਤੇ ਹਮਲਾ ਕਰ ਕੇ ਉਸ ਨੂੰ ਭਜਾ ਦਿੱਤਾ। ਚੰਦਨ ਰਾਏ ਚੰਦੇਲੀਆਂ ਰਾਜ ਸਿੰਘ ਤੋਂ ਨਾਰਾਜ਼ ਸੀ ਇਸ ਲਈ ਉਸ ਨੇ ਜੁਝਾਰ ਸਿੰਘ ਦਾ ਸਾਥ ਦਿੱਤਾ। ਰਾਜ ਸਿੰਘ ਨੇ ਇਹਨਾਂ ਦੋਹਾਂ ਨਾਲ ਘਮਸਾਨ ਦਾ ਯੁਧ ਕੀਤਾ ਅਤੇ ਦੋਹਾਂ ਨੂੰ ਮਾਰ ਕੇ ਜਿਤ ਪ੍ਰਾਪਤ ਕੀਤੀ। ਇਸ ਤਰਾਂ ਜੁਝਾਰ ਸਿੰਘ ਰਸਤੇ ਵਿਚ ਹੀ ਹਾਰ ਗਿਆ। ਗੁਰੂ ਸਾਹਿਬ ਨੇ ਇਸ ਯੁਧ ਵਿਚ ਹਿਸਾ ਨਹੀਂ ਲਿਆ ਪਰ ਉਹਨਾਂ ਨੇ ***'ਬਚਿੱਤ੍ਰ ਨਾਟਕ'*** ਦੇ ਬਾਰਵੇਂ ਅਧਿਆਇ ਵਿਚ ਇਸ ਯੁਧ ਦਾ ਵਰਨਣ ਕੀਤਾ। ਜੁਝਾਰ ਸਿੰਘ ਦੀ ਬਹਾਦਰੀ ਦਾ ਵਰਨਣ ਕੀਤਾ। ਜੁਝਾਰ ਸਿੰਘ ਦੀ ਬਹਾਦਰੀ ਦਾ ਵਰਨਣ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ ਕਿ ਜੁਝਾਰ ਸਿੰਘ ਇਸ ਤਰਾਂ ਯੁਧ-ਭੂਮੀ ਵਿਚ ਦ੍ਰਿੜ ਖੜਾ ਸੀ ਜਿਵੇਂ ਕਿ ਯੁਧ-ਭੂਮੀ ਵਿਚ ਝੰਡਾ ਗਡਿਆ ਹੁੰਦਾ ਹੈ। ਝੰਡਾ ਗਡਿਆ ਤਾਂ ਹਿਲ ਜਾਂਦਾ ਹੈ ਪਰ ਰਾਜਪੂਤ ਜਾਤ ਯੁਧ ਵਿਚੋਂ ਨਹੀਂ ਭਜਦੀ ਅਤੇ ਬਹਾਦਰੀ ਨਾਲ ਦੁਸ਼ਮਣਾਂ ਦਾ ਮੁਕਾਬਲਾ ਕਰਦੀ ਹੈ। ਚੰਦਨ ਰਾਏ ਰਾਜਾ ਅਤੇ ਜੁਝਾਰ ਸਿੰਘ ਦੋਨੋਂ ਇਸ ਯੁਧ ਵਿਚ ਲੜਦੇ ਹੋਏ ਮਾਰੇ ਗਏ।

ਔਰੰਗਜ਼ੇਬ ਨੇ ਆਪਣੇ ਲੜਕੇ ਮੁਅਜ਼ਮ ਖ਼ਾਂ ਨੂੰ ਪੰਜਾਬ ਦਾ ਮਾਮਲਾ ਨਜਿਠਣ ਲਈ ਭੇਜਿਆ। ਪਰ ਮੁਅਜ਼ਮ ਆਪ ਤਾਂ ਲਾਹੌਰ-ਠਹਿਰ ਗਿਆ ਅਤੇ ਉਸ ਨੇ ਮਿਰਜ਼ਾ ਬੇਗ ਨੂੰ ਪਹਾੜੀ ਰਾਜਿਆਂ ਤੋਂ ਕਰ ਵਸੂਲਣ ਲਈ ਭੇਜਿਆ। ਉਹ ਪਹਾੜੀ ਰਾਜਿਆਂ ਨੂੰ ਮੁਗਲ ਸਰਕਾਰ ਦੇ ਅਧੀਨ ਕਰਨ ਲਈ ਸਫਲ ਹੋ ਗਿਆ। ਪਰੰਤੂ ਸ਼ਹਿਜ਼ਾਦੇ ਨੇ ਗੁਰੂ ਜੀ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਗੁਰੂ ਸਾਹਿਬ ਲਿਖਦੇ ਹਨ ਜੋ ਲੋਕ ਮਿਰਜ਼ਾ ਬੇਗ ਦੇ ਹਮਲੇ ਤੋਂ ਡਰਦੇ ਉਹਨਾਂ ਨੂੰ ਛੱਡ ਕੇ ਭਜ ਗਏ ਸਨ, ਉਹਨਾਂ ਦੇ ਘਰ ਮਿਰਜ਼ਾ ਬੇਗ ਨੇ ਢੁਆ ਦਿੱਤੇ ਅਤੇ ਉਹਨਾਂ ਨੂੰ ਦੰਡ ਦਿੱਤਾ। ਦੂਜੇ ਪਾਸੇ ਔਰੰਗਜ਼ੇਬ ਨੇ ਗੁਸੇ ਵਿਚ ਆ ਕੇ ਚਾਰ ਅਹਿਦੀਏ ਹੋਰ ਭੇਜ ਦਿੱਤੇ। ਉਹਨਾਂ ਅਹਿਦੀਆਂ ਨੇ ਜਿਹੜੇ ਬੇਮੁੱਖ ਲੋਕ ਮਿਰਜ਼ਾ ਬੇਗ ਤੋਂ ਬਚ ਗਏ ਸਨ ਉਹਨਾਂ ਦੇ ਘਰ ਗਿਰਾ ਦਿੱਤੇ।

ਇਸ ਤਰਾਂ ***ਬਚਿੱਤ੍ਰ ਨਾਟਕ*** ਤੋਂ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਜੀ ਦੇ ਖਾਲਸਾ ਸਾਜਣ ਤੋਂ ਪਹਿਲੇ ਕਾਲ ਦੇ ਗੁਰੂ ਸਾਹਿਬ ਦੇ ਯੁਧਾਂ, ਉਹਨਾਂ ਦੇ ਸਿਖਾਂ ਦੇ ਨਾਂ ਮੁਗਲ ਸਰਕਾਰ ਦੇ ਸੈਨਾਪਤੀ ਅਤੇ ਪਹਾੜੀ ਰਾਜਿਆਂ ਦੇ ਨਾਂਵਾਂ ਦਾ ਵਰਨਣ ਮਿਲਦਾ ਹੈ। ਗੁਰੂ ਸਾਹਿਬ ਤੇ ਪਹਾੜੀ ਰਾਜਿਆਂ ਦੇ ਆਪਸੀ ਸੰਬੰਧਾਂ ਦਾ ਪਤਾ ਚਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਕੌਮ ਅਤੇ ਸਮਾਜ ਦੇ ਨਿਰਮਾਤਾ ਸਨ।